ਸਾਲਾਨਾ ਮੇਲੇ ਸਬੰਧੀ ਪੋਸਟਰ ਜਾਰੀ

ਤਪਾ ਮੰਡੀ, 16 ਜਨਵਰੀ (ਯਾਦੂ ਭੁੱਲਰ) ਸੱਚਖੰਡ ਵਾਸੀ ਸ਼੍ਰੀਮਾਨ ਸੰਤ ਬਾਬਾ ਨਰਾਇਣ ਸਿੰਘ ਮੋਨੀ ਜੋੜਮੇਲੇ ਅਤੇ ਮਹਾਨ ਗੁਰਮਤਿ ਸਮਾਗਮ ਸਬੰਧੀ ਪੋਸਟਰ ਗੁਰਦੁਆਰਾ ਸਾਹਿਬ ਦੇ ਸਥਾਨਕ ਮੈਨੇਜਰ ਜੱਥੇਦਾਰ ਜੰਗ ਸਿੰਘ ਜੰਗੀਆਨ ਨੇ

ਫੋਟੋ ਸੁਖੀ ਰਣੀਆ

ਰਿਲੀਜ ਕਰਦਿਆਂ ਅਤੇ ਅੱਜ ਦੀ ਆਵਾਜ਼ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਰੇਕ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ੍ਰੀ 101 ਆਖੰਡ ਪਾਠਾਂ ਦਾ ਪ੍ਰਕਾਸ਼ ਅਤੇ ਭੋਗ ਪਾਏ ਜਾਣਗੇ, ਅਖੀਰਲੇ ਦਿਨ ਰੱਬੀ ਬਾਣੀ ਅਤੇ ਅੰਮ੍ਰਿਤ ਸੰਚਾਰ ਹੋਵੇਗਾ। ਜਿਸ ਵਿੱਚ ਖੇਤਰ ਅਤੇ ਸੰਤਾਂ ਦੇ ਦੇਸ਼ਾ ਵਿਦੇਸ਼ਾਂ ਵਿੱਚ ਬੈਠੇ ਸਰਧਾਲੂ ਜਿੱਥੇ ਰੱਬੀ ਬਾਣੀ, ਕੀਰਤਨ ਨਾਲ ਨਿਹਾਲ ਹੋਣਗੇ। ਉੱਥੇ ਕਈ ਪ੍ਰਾਣੀ ਅਮ੍ਰਿਤ ਸੰਚਾਰ ਕਰਕੇ ਗੁਰੂ ਵਾਲੇ ਵੀ ਬਣਨਗੇ। ਇਸ ਮੌਕੇ ਸਿੱਖ ਧਰਮ ਦੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਰਪਿਤ ਅਲੌਕਿਕ ਨਗਰ ਕੀਰਤਨ ਸੰਗਤਾਂ ਦੇ ਸਹਿਯੋਗ ਨਾਲ ਆਰੰਭ ਕਰਕੇ ਪਿੰਡ ਦਰਾਜ ਦਰਾਕਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਅਤੇ ਪੰਜ ਪਿਆਰਿਆਂ ਦੀ ਦੇਖ ਰੇਖ ਹੇਠ ਵਾਪਸ ਗੁਰਦੁਆਰਾ ਸਾਹਿਬ ਪੁੱਜੇਗਾ। ਉਨ੍ਹਾਂ ਇਸ ਮੌਕੇ ਇਹ ਵੀ ਦੱਸਿਆ ਕਿ ਗੁਰਮਤਿ ਸਮਾਗਮ ਵਿੱਚ ਸੰਤ ਮਹਾਪੁਰਸ਼ ਜਿੱਥੇ ਪੁੱਜ ਰਹੇ ਹਨ। ਉੱਥੇ ਸਿੱਖ ਕੌਮ ਦੀਆਂ ਮਹਾਨ ਸਖਸ਼ੀਅਤਾਂ, ਰਾਗੀ, ਢਾਡੀ, ਕਵੀਸਰ ਵੀ ਉਚੇਚੇ ਤੌਰ ਤੇ ਪੁੱਜੇ ਰਹੇ ਹਨ। ਮੈਨੇਜਰ ਜੱਥੇਦਾਰ ਜੰਗ ਸਿੰਘ ਜੰਗੀਆਣੇ ਨੇ ਇਹ ਵੀ ਦੱਸਿਆ ਕਿ ਪੂਰੇ ਸਮਾਗਮ ਦੀ ਦੇਖ ਰੇਖ ਸੰਤ ਬਾਬਾ ਨਰਾਇਣ ਸਿੰਘ ਮੋਨੀ ਜੀ ਮੈਮੋਰੀਅਲ ਟਰੱਸਟ ਦੇ ਚੇਅਰਮੈਨ ਜਗਦੀਸ਼ ਸਿੰਘ ਬਰਾੜ ਖੁਦ ਕਰਨਗੇ।

ਜ਼ਿਲ੍ਹਾ ਯੋਜਨਾ ਤੇ ਵਿਕਾਸ ਕਮੇਟੀ ਦੀ ਮੀਟਿੰਗ ਆਯੋਜਿਤ

ਫਿਰੋਜ਼ਪੁਰ, 16 ਜਨਵਰੀ (ਜੀ.ਐੱਸ. ਕਾਲੜਾ)-ਜ਼ਿਲ੍ਹਾ ਯੋਜਨਾ ਤੇ ਵਿਕਾਸ ਕਮੇਟੀ ਦੀ ਪਲੇਠੀ ਮੀਟਿੰਗ ਸ. ਮਨਜੀਤ ਸਿੰਘ ਰਾਏ ਚੇਅਰਮੈਨ ਜ਼ਿਲ੍ਹਾ ਯੋਜਨਾ ਤੇ ਵਿਕਾਸ ਕਮੇਟੀ ਫਿਰੋਜ਼ਪੁਰ ਦੀ ਮੀਟਿੰਗ ਡਿਪਟੀ ਕਮਿਸਨਰ ਮੀਟਿੰਗ ਰੂਮ ਵਿੱਚ ਹੋਈ। ਇਸ ਮੀਟਿੰਗ ਵਿੱਚ ਸ੍ਰੀ ਕਮਲ ਕਿਸ਼ੋਰ ਯਾਦਵਾ ਡਿਪਟੀ ਕਮਿਸ਼ਨਰ, ਡਾ. ਬਸੰਤ ਗਰਗ ਐਡੀਸ਼ਨਲ ਡਿਪਟੀ ਕਮਿਸ਼ਨਰ (ਵਿ.), ਸ੍. ਜਸਕਰਨ ਸਿੰਘ ਐਡੀ. ਡਿਪਟੀ ਕਮਿਸ਼ਨਰ, ਸ੍. ਗੁਰਜੀਤ ਸਿੰਘ ਪਨੂੰ ਐੱਸ.ਡੀ.ਐੱਮ. ਤੋਂ ਇਲਾਵਾ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੇ ਭਾਗ ਲਿਆ। ਇਸ ਮੀਟਿੰਗ ਵਿੱਚ ਜ਼ਿਲ੍ਹੇ ਵਿੱਚ ਚੱਲ ਰਹੀਆਂ ਵਿਕਾਸ ਸਕੀਮਾਂ ਅਤੇ ਭਵਿੱਖ ਵਿੱਚ ਕੀਤੇ ਜਾਣ ਵਾਲੇ ਵਿਕਾਸ ਕੰਮਾਂ ਦੀ ਸਮੀਖਿਆ ਕੀਤੀ ਗਈ। ਸ੍. ਮਨਜੀਤ ਸਿੰਘ ਰਾਏ ਨੇ ਦੱਸਿਆ ਕਿ ਸਾਲ 2007, 08,09 ਅਤੇ 10 ਦੌਰਾਨ ਵੱਖ-ਵੱਖ ਸਕੀਮਾਂ ਤਹਿਤ 138.40 ਕਰੋੜ ਰੁਪਏ ਜਾਰੀ ਕੀਤੇ ਗਏ ਸਨ, ਪ੍ਰੰਤੂ ਜ਼ਿਲ੍ਹਾ ਯੋਜਨਾ ਤੇ ਵਿਕਾਸ ਕਮੇਟੀ ਦੀ ਮੀਟਿੰਗ ਨਾ ਹੋਣ ਕਾਰਨ ਡਿਪਟੀ ਕਮਿਸ਼ਨਰ-ਕਮ-ਮੈਂਬਰ ਸਕੱਤਰ ਜ਼ਿਲ੍ਹਾ ਅਤੇ ਯੋਜਨਾ ਵਿਕਾਸ ਬੋਰਡ ਨੂੰ ਅਧਿਕਾਰਤ ਕੀਤਾ ਗਿਆ ਸੀ, ਉਹ ਲੋੜ ਅਨੁਸਾਰ ਵਿਕਾਸ ਦੀ ਗਰਾਂਟ ਜਾਰੀ ਕਰ ਸਕਦੇ ਹਨ। ਇਸ ਮੀਟਿੰਗ ਵਿੱਚ ਪਹਿਲਾਂ ਕੀਤੇ ਗਏ ਵਿਕਾਸ ਕੰਮਾਂ ਦੀ ਜਾਰੀ ਕੀਤੀ ਗਈ ਰਾਸ਼ੀ ਨੂੰ ਪ੍ਰਵਾਨਗੀ ਦਿੱਤੀ ਗਈ। ਉਨ੍ਹਾਂ ਸਮੂਹ ਵਿਭਾਗਾਂ ਨੂੰ ਕਿਹਾ ਕਿ ਉਹ ਵਿਕਾਸ ਕੰਮ ਦੇ ਮੁਕੰਮਲ ਹੋਣ ਤੋਂ ਬਾਅਦ ਵਰਤੋਂ ਸਰਟੀਫਿਕੇਟ ਜਮ੍ਹਾਂ ਕਰਵਾਉਣ ਅਤੇ ਦੱਸਿਆ ਕਿ 27.65 ਕਰੋੜ ਰੁਪਏ ਦੇ ਵਰਤੋਂ ਸਰਟੀਫਿਕੇਟ ਲੰਬਿਤ ਪਏ ਹਨ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਲੰਬਿਤ ਪਏ ਵਰਤੋਂ ਸਰਟੀਫਿਕੇਟ ਤੁਰੰਤ ਭੇਜੇ ਜਾਣ।

ਹਲਕਾ ਸੁਲਤਾਨਪੁਰ ਲੋਧੀ ਦੀਆਂ ਸੰਗਤਾਂ ਨੇ ਸ੍ਰੀ ਗੁਰੂ ਰਾਮਦਾਸ ਲੰਗਰ ਵਿਖੇ ਸੇਵਾ ਕੀਤੀ

ਅੰਮ੍ਰਿਤਸਰ: 16 ਜਨਵਰੀ (ਮੋਤਾ ਸਿੰਘ) ਸੱਖਿਆ ਮੰਤਰੀ ਪੰਜਾਬ ਬੀਬੀ ਉਪਿੰਦਰਜੀਤ ਕੌਰ ਦੀ ਅਗਵਾਈ 'ਚ ਹਲਕਾ ਸੁਲਤਾਨਪੁਰ ਲੋਧੀ ਦੀਆਂ ਸੰਗਤਾਂ ਨੇ ਬਹੁਤ ਹੀ ਸ਼ਰਧਾ-ਭਾਵਨਾ ਨਾਲ ਬੀਤੇ ਦਿਨ ਸ੍ਰੀ ਗੁਰੂ ਰਾਮਦਾਸ ਲੰਗਰ ਵਿਖੇ ਆਪਣੇ ਘਰਾਂ ਤੋਂ

ਹਲਕਾ ਸੁਲਤਾਨਪੁਰ ਲੋਧੀ ਦੀਆਂ ਸੰਗਤਾਂ ਨਾਲ ਸ੍ਰੀ ਗੁਰੂ ਰਾਮਦਾਸ ਲੰਗਰ ਦੀ ਸੇਵਾ ਕਰਨ ਉਪਰੰਤ ਸਿੱਖਿਆ ਮੰਤਰੀ ਪੰਜਾਬ ਬੀਬੀ ਉਪਿੰਦਰਜੀਤ ਕੌਰ ਨੂੰ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਬਲਬੀਰ ਸਿੰਘ ਸ੍ਰੀ ਦਰਬਾਰ ਸਾਹਿਬ ਦੀ ਤਸਵੀਰ ਤੇ ਸਿਰੋਪਾਓ ਨਾਲ ਸਨਮਾਨਤ ਕਰਦੇ ਹੋਏ।

ਯਥਾ-ਸ਼ਕਤ ਰਸਦਾਂ ਤੋਂ ਇਲਾਵਾ, ਦੁੱਧ ਤੇ ਸਬਜ਼ੀਆਂ ਭੇਟ ਕੀਤੀਆਂ ਅਤੇ ਲੰਗਰ ਤਿਆਰ ਕਰਨ, ਵਰਤਾਉਣ ਤੇ ਬਰਤਨ ਸਾਫ਼ ਕਰਨ ਦੀ ਸੇਵਾ ਕੀਤੀ। ਇਸ ਮੌਕੇ ਬੀਬੀ ਉਪਿੰਦਰਜੀਤ ਕੌਰ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਹਲਕਾ ਸੁਲਤਾਨਪੁਰ ਲੋਧੀ ਤੋਂ ਵੱਡੀ ਗਿਣਤੀ 'ਚ ਸੰਗਤਾਂ ਨੇ ਸ੍ਰੀ ਗੁਰੂ ਰਾਮਦਾਸ ਲੰਗਰ 'ਚ ਹੱਥੀਂ ਸੇਵਾ ਕਰਕੇ ਰੂਹਾਨੀ ਅਨੰਦ ਮਾਣਿਆ ਹੈ। ਉਨ੍ਹਾਂ ਕਿਹਾ ਕਿ ਸਰਦਾਰਨੀ ਸੁਰਿੰਦਰ ਕੌਰ ਬਾਦਲ ਦੀ ਪ੍ਰੇਰਨਾ ਨਾਲ ਸ੍ਰੀ ਗੁਰੂ ਰਾਮਦਾਸ ਲੰਗਰ 'ਚ ਸੇਵਾ ਪ੍ਰਤੀ ਸੰਗਤਾਂ 'ਚ ਵੱਡਾ ਉਤਸ਼ਾਹ ਬਣਿਆ ਹੈ ਅਤੇ ਉਹ ਮਾਈ-ਭਾਈ ਜੋ ਆਪਣੇ ਪ੍ਰੀਵਾਰਕ ਰੁਝੇਵਿਆਂ ਕਾਰਨ ਇਕੱਲਿਆਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਨਹੀਂ ਸੀ ਆ ਸਕਦੇ, ਸੇਵਾ ਦੀ ਇਸ ਪ੍ਰੇਰਨਾ ਨਾਲ ਉਨ੍ਹਾਂ ਨੂੰ ਸੰਗਤੀ ਰੂਪ 'ਚ ਅੰਮ੍ਰਿਤਸਰ ਪੁੱਜ ਕੇ ਲੰਗਰ 'ਚ ਹੱਥੀਂ ਸੇਵਾ ਕਰਨ ਦੇ ਨਾਲ-ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ-ਇਸ਼ਨਾਨ ਦਾ ਸੁਭਾਗ ਵੀ ਪ੍ਰਾਪਤ ਹੋਇਆ ਹੈ। ਉਨ੍ਹਾਂ ਦੇ ਨਾਲ ਸ ਬਲਦੇਵ ਸਿੰਘ, ਸ ਬਲਵੰਤ ਸਿੰਘ ਭੱਟੀ ਬਦੇਸ਼ਾਂ, ਸ ਸੰਤੋਖ ਸਿੰਘ ਭੈਣੀ ਬਦੇਸ਼ਾਂ, ਸ ਜਸਪਾਲ ਸਿੰਘ, ਬੀਬੀ ਹਰਜੀਤ ਕੌਰ, ਜਥੇਦਾਰ ਭਾਗੋ ਰਾਈਆ, ਸ ਬਲਦੇਵ ਸਿੰਘ ਥੇਹ ਵਾਲਾ, ਸ ਬਲਜੀਤ ਸਿੰਘ ਅਤੇ ਭਾਰੀ ਗਿਣਤੀ ਵਿਚ ਹਲਕਾ ਸੁਲਤਾਨਪੁਰ ਲੋਧੀ ਦੀਆਂ ਸੰਗਤਾਂ ਨੇ ਸ੍ਰੀ ਗੁਰੂ ਰਾਮਦਾਸ ਲੰਗਰ 'ਚ ਸੇਵਾ ਕੀਤੀ। ਬੀਬੀ ਉਪਿੰਦਰਜੀਤ ਕੌਰ ਤੇ ਸਾਥੀਆਂ ਨੂੰ ਮੀਤ ਸਕੱਤਰ ਸ ਕੁਲਦੀਪ ਸਿੰਘ ਬਾਵਾ ਤੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ ਬਲਬੀਰ ਸਿੰਘ ਵਲੋਂ ਸ੍ਰੀ ਦਰਬਾਰ ਸਾਹਿਬ ਦੀ ਤਸਵੀਰ ਅਤੇ ਸਿਰੋਪਾਓ ਨਾਲ ਸਨਮਾਨਤ ਕੀਤਾ ਗਿਆ।

ਰਾਮਗੜ੍ਹੀਆ ਯੂਥ ਆਰਗੇਨਾਈਜੇਸ਼ਨ ਦੀ ਮੀਟਿੰਗ ਆਯੋਜਿਤ

ਮੋਗਾ, 16 ਜਨਵਰੀ (ਪੱਤਰ ਪ੍ਰੇਰਕ) ਰਾਮ ਗੜ੍ਹੀਆਂ ਯੂਥ ਆਰਗੇਨਾਈਜੇਸ਼ਨ ਰਜਿ. ਮੋਗਾ ਦੀ ਅਹਿਮ ਮੀਟਿੰਗ ਕਮਲਜੀਤ ਸਿੰਘ ਦੀ ਪ੍ਰਧਾਨਗੀ ਹੇਠ ਆਰਗੇਨਾਈਜੇਸਨ ਦੇ ਦਫ਼ਤਰ ਹਰਮੀਤ ਡੈਟਿੰਗ ਮੋਟਰ ਵਰਕਸ ਬਾਬਾ ਦੀਪ ਸਿੰਘ ਰੋਡ ਮੋਗਾ ਵਿਖੇ ਕੀਤੀ ਗਈ। ਜਿਸ ਵਿੱਚ ਪਿਛਲੇ ਦਿਨੀ ਨਵ ਜੰਮੀਆਂ ਬੱਚੀਆਂ ਦੀ ਲੋਹੜੀ ਦੇ ਸਬੰਧ ਵਿੱਚ ਕੀਤੇ ਗਏ ਸਮਾਗਮ ਬਾਰੇ ਵਿਚਾਰ ਵਟਾਂਦਰਾ ਕੀਤੇ ਗਏ ਅਤੇ ਸ਼ਹਿਰ ਵਾਸੀਆਂ ਅਤੇ ਵੱਖ-ਵੱਖ ਜੱਥੇਬੰਦੀਆਂ ਵੱਲੋਂ ਪਾਏ ਗਏ ਯੋਗਦਾਨ ਸਬੰਧੀ ਧੰਨਵਾਦ ਕੀਤਾ ਗਿਆ। ਉਪਰੰਤ ਕਮਲਜੀਤ ਸਿੰਘ ਪਨੇਸਰ ਪ੍ਰਧਾਨ ਰਾਮਗੜ੍ਹੀਆ ਯੂਥ ਆਰਗੇਨਾਈਜੇਸ਼ਨ ਨੇ ਕਿਹਾ ਕਿ 17 ਜਨਵਰੀ ਦਿਨ ਐਤਵਾਰ ਸ਼ਾਮ 4 ਵਜੇ ਗੁਰਦੁਆਰਾ ਬੀਬੀ ਕਾਹਨੌਕਰ ਵਿਖੇ ਜਨਰਲ ਮੀਟਿੰਗ ਸੱਦੀ ਜਾਵੇਗੀ। ਜਿਸ ਵਿੱਚ ਸਾਰੇ ਮੈਂਬਰਾਂ ਨੂੰ ਪੁਰਜੋਰ ਅਪੀਲ ਕੀਤੀ ਕਿ ਸਾਰੇ ਮੈਂਬਰ ਵੱਧ ਤੋਂ ਵੱਧ ਮੈਂਬਰਾਂ ਨੂੰ ਨਾਲ ਲੈ ਕੇ ਸਮੇਂ ਸਿਰ ਮੀਟਿੰਗ ਵਿੱਚ ਪਹੁੰਚਣ। ਇਹ ਜਾਣਕਾਰੀ ਕੁਲਦੀਪ ਸਿੰਘ ਕਲਸੀ ਦਫ਼ਤਰ ਸਕੱਤਰ ਨੇ ਦਿੱਤੀ। ਅੱਜ ਦੀ ਮੀਟਿੰਗ ਵਿੱਚ ਕਮਲਜੀਤ ਸਿੰਘ ਪਨੇਸਰ ਤੋਂ ਇਲਾਵਾ ਸੁਖਵਿੰਦਰ ਸਿੰਘ ਅਜਾਦ ਸਕੱਤਰ ਜਨਰਲ, ਕੁਲਦੀਪ ਸਿੰਘ ਕਲਸੀ, ਸਤਨਾਮ ਸਿੰਘ ਕਾਰਪੇਂਟਰ, ਬਲਜੀਤ ਸਿੰਘ ਖੀਵਾ, ਗੁਰਪ੍ਰੀਤ ਸਿੰਘ ਹੈਪੀ, ਚਰਨਜੀਤ ਸਿੰਘ ਝੰਡੇਆਣਾ, ਇੰਦਰਜੀਤ ਸਿੰਘ, ਗੁਰਦੇਵ ਸਿੰਘ ਬੇਗਾ, ਕੇਵਲ ਸਿੰਘ ਅਤੇ ਜਸਵੀਰ ਸਿੰਘ ਸੱਗੂ ਹਾਜਰ ਸਨ।

ਸ਼ਰਾਰਤੀ ਅਨਸਰਾਂ ਵੱਲੋਂ ਮਜ਼ਦੂਰਾਂ 'ਤੇ ਝੂਠੇ ਦੋਸ਼ ਲਗਾਇਆ

ਪਿੰਡ ਰੂੜੇਕੇ ਕਲਾਂ, 16 ਜਨਵਰੀ (ਡਾ. ਬਿੰਦੀ)-ਤਪਾ ਥਾਣਾ ਅਧੀਨ ਪੈਂਦੇ ਪਿੰਡ ਰੂੜੇਕੇ ਕਲਾਂ ਨਰੇਗਾ ਸਕੀਮ ਅਧੀਨ ਚਲ ਰਹੇ ਕੰਮ ਵਿੱਚ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਅੜਿੱਕੇ ਖੜੇ ਕਰਕੇ ਗੁੰਡਾਗਰਦੀ ਕਰਦਿਆਂ ਮਜ਼ਦੂਰ ਆਗੂਆਂ ਉਪਰ ਝੂਠੇ ਦੋਸ਼ ਲਾਏ ਜਾ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂਆਂ ਕਾਮਰੇਡ ਜੁਗਰਾਜ ਸਿੰਘ ਰਾਮਾ, ਕਾਮਰੇਡ ਅਵਤਾਰ ਸਿੰਘ ਰਾਏਸਰ, ਦਿਹਾਤੀ ਮਜ਼ਦੂਰ ਮੋਰਚਾ ਦੇ ਆਗੂ ਮਾਨ ਸਿੰਘ ਗਰਮ, ਭਾਨ ਸਿੰਘ ਸੰਘੇੜਾ, ਪੇਂਡੂ ਮਜ਼ਦੂਰ ਮੁਕਤੀ ਮੋਰਚਾ ਦੇ ਕਾਮਰੇਡ ਲਾਲ ਸਿੰਘ ਰੂੜੇਕੇ ਕਲਾਂ, ਹਰਬੰਸ ਸਿੰਘ ਦਰਾਕਾ ਨੇ ਸਾਂਝੇ ਪ੍ਰੈੱਸ ਬਿਆਨ ਰਾਹੀਂ ਦੱਸਿਆ ਕਿ ਮਜ਼ਦੂਰ ਮੁਕਤੀ ਮੋਰਚਾ ਨਾਮ ਦੀ ਜਥੇਬੰਦੀ ਦੇ ਅਖੌਤੀ ਆਗੂਆਂ ਵੱਲੋਂ ਇਸਤਰੀ ਸਭਾ ਦੀ ਜ਼ਿਲ੍ਹਾ ਪ੍ਰਧਾਨ ਸਰਵਜੀਤ ਕੌਰ ਰੂੜੇਕੇ ਕਲਾਂ ਉੱਪਰ ਮਜ਼ਦੂਰਾਂ ਤੋਂ ਜਾਬ ਕਾਰਡਾਂ ਤੇ 50-50 ਲੈਣ ਦੇ ਸਰਾਸਰ ਝੂਠੇ ਤੇ ਬੇ-ਬੁਨਿਆਦ ਦੋਸ਼ ਲਾ ਕੇ ਉਸ ਨੂੰ ਬਦਨਾਮ ਕਰਨ ਦੀ ਅਸਫਲ ਕੋਸ਼ਿਸ਼ ਕੀਤੀ ਹੈ। ਆਗੂਆਂ ਨੇ ਦੱਸਿਆ ਕਿ ਪਿੰਡ ਦੇ ਵਿਕਾਸ ਲਈ ਆਇਆ ਪੈਸਾ ਸਰਵਜੀਤ ਕੌਰ ਦੀ ਪਹਿਲ ਕਦਮੀ ਸਦਕਾ ਪਿੰਡ ਦੇ ਛੱਪੜ ਤੇ ਨਰੇਗਾ ਦਾ ਕੰਮ ਚਲਾਇਆ ਗਿਆ ਸੀ। ਜਿਸ ਦਾ ਪੰਚਾਇਤ ਵੱਲੋਂ ਸਰਵਜੀਤ ਕੌਰ ਨੂੰ ਨਿਗਰਾਨ ਬਣਾਇਆ ਗਿਆ ਸੀ। ਇਹ ਸਭ ਕੁਝ ਮਜ਼ਦੂਰ ਮੁਕਤੀ ਮੋਰਚਾ ਦੇ ਅਖੌਤੀ ਆਗੂਆਂ ਨੂੰ ਨਹੀਂ ਭਾਉਂਦਾ ਸੀ। ਇਨ੍ਹਾਂ ਅਖੌਤੀ ਆਗੂਆਂ ਗੁਰਪ੍ਰੀਤ ਸਿੰਘ, ਚਰਨਾ ਸਿੰਘ, ਮੋਹਨਾ ਸਿੰਘ, ਫੰਦਰੀ ਸਿੰਘ, ਕ੍ਰਿਪਾਲ ਸਿੰਘ ਆਦਿ ਨੇ ਸਰਵਜੀਤ ਕੌਰ ਦੇ ਖਿਲਾਫ ਝੂਠੇ ਬਿਆਨ ਦੇਣ ਉਪਰੰਤ 11 ਜਨਵਰੀ ਦੀ ਸ਼ਾਮ ਨੂੰ ਅਮਰੀਕ ਸਿੰਘ ਨਾਮ ਦੇ ਜ਼ਿਮੀਦਾਰ ਨੂੰ ਸ਼ਰਾਬ ਪਿਲਾ ਕੇ ਸਰਵਜੀਤ ਕੌਰ ਤੇ ਹਮਲਾ ਕਰਵਾ ਦਿੱਤਾ। ਜਿਸ ਨੂੰ ਤੁਰੰਤ ਫੜ ਕੇ ਤਪਾ ਪੁਲਿਸ ਹਵਾਲੇ ਕੀਤਾ ਗਿਆ। ਆਗੂਆਂ ਨੇ ਦੱਸਿਆ ਕਿ ਉਕਤ ਮੁਲਾਜ਼ਮਾਂ ਦੇ ਵਿਰੁੱਧ 4 ਜਨਵਰੀ ਨੂੰ ਤਪਾ ਥਾਣਾ ਵਿਖੇ ਸਰਵਜੀਤ ਕੌਰ ਨੂੰ ਜ਼ਲੀਲ ਕਰਨ ਸੰਬੰਧੀ ਦਰਖਾਸਤ ਦਿੱਤੀ ਸੀ। ਪ੍ਰੰਤੂ ਪੁਲਿਸ ਦੇ ਢਿੱਲੇ ਰਵੱਈਏ ਕਾਰਨ ਉਪਰੋਕਤ ਘਟਨਾਵਾਂ ਉਪਰੋਂ ਥੱਲੀ ਵਾਪਰੀਆਂ। ਆਗੂਆਂ ਨੇ ਮੰਗ ਕੀਤੀ ਕਿ ਉਕਤ ਅਮਰੀਕ ਸਿੰਘ ਖਿਲਾਫ ਘਰੇ ਆ ਕੇ ਹਮਲਾ ਕਰਨ ਅਤੇ ਜਾਤ ਸੰਬੰਧੀ ਅਪਸ਼ਬਦ ਬੋਲਣ ਸੰਬੰਧੀ ਬਣਦੀ ਕਾਰਵਾਈ ਕੀਤੀ ਜਾਵੇ ਅਤੇ ਉਕਤ ਹਮਲਾਵਰ ਨੂੰ ਸਹਿ ਦੇਣ ਵਾਲਿਆਂ ਵਿਰੁੱਧ ਵੀ ਬਣਦੀ ਕਾਰਵਾਈ ਕੀਤੀ ਜਾਵੇ। ਉਕਤ ਆਗੂਆਂ ਨੇ ਤਪਾ ਪੁਲਿਸ ਨੂੰ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਜੇਕਰ ਦੋਸ਼ੀਆਂ ਵਿਰੁੱਧ ਬਣਦੀ ਕਾਰਵਾਈ ਨਾ ਕੀਤੀ ਤਾਂ ਜਥੇਬੰਦੀਆਂ ਵੱਲੋਂ ਸੰਘਰਸ਼ ਵਿੱਢਿਆ ਜਾਵੇਗਾ।

ਟੋਆ ਦੇ ਰਿਹੈ ਮੌਤ ਨੂੰ ਸੱਦੇ

ਅਮਲੋਹ, 16 ਜਨਵਰੀ (ਵਿਪਨ ਬਾਂਸਲ)- ਅਮਲੋਹ ਦੇ ਮੁੱਖ ਮੇਨ ਬਜ਼ਾਰ ਵਿਚ ਡੂੰਘਾ ਟੋਆਂ ਪੈਣ ਕਾਰਨ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਲੋਕਾਂ ਦੀ ਜਾਨ ਲਈ ਖਤਰਾ ਬਣਿਆ ਹੋਇਆਂ ਹੈ। ਇਸ ਟੋਏ ਵਿਚ ਰਾਹਗੀਰ ਗਿਰ ਕੇ ਆਪਣੇ ਸਾਈਕਲ, ਸਕੂਟਰ, ਮੋਟਰਸਾਈਕਲ ਤੁੜਾ ਚੁੱਕੇ ਹਨ ਅਤੇ ਕਾਰ ਵਗੈਰਾਂ ਵੀ ਫਸ ਜਾਂਦੀਆਂ ਹਨ ਜਿਸ ਕਾਰਨ ਕਈ ਲੋਕਾਂ ਦੇ ਸੱਟਾ ਵੀ ਲੱਗ ਚੁੱਕੀਆਂ ਹਨ ਪਰ ਪ੍ਰਸ਼ਾਸ਼ਨ ਵੱਲੋਂ ਕੋਈ ਇਸ ਟੋਏ ਨੂੰ ਠੀਕ ਕਰਾਉਣ ਲਈ ਕੋਈ ਪ੍ਰਬੰਧ ਨਹੀ ਕੀਤੇ ਇਸ ਨਾਲ ਕੋਈ ਵੱਡਾ ਹਾਦਸਾ ਵਾਪਰ ਸਕਦਾ ਹੈ ਅਤੇ ਸੜਕ ਦੀ ਆਵਾਜਾਈ ਵਿਚ ਵਿਘਨ ਪੈ ਰਿਹਾ ਹੈ। ਲੋਕਾਂ ਨੇ ਪ੍ਰਸ਼ਾਸ਼ਨ ਅਤੇ ਨਗਰ ਕੌਂਸਲ ਨੂੰ ਇਸ ਸਬੰਧੀ ਧਿਆਨ ਦੇਣ ਦੀ ਮੰਗ ਕੀਤੀ।

ਭਾਜਪਾ ਦੀ ਮੀਟਿੰਗ ਹੋਈ

ਫ਼ਤਿਹਗੜ੍ਹ ਸਾਹਿਬ, 16 ਜਨਵਰੀ (ਪਰਦੀਪ ਸਿੰਘ) : ਨਿਤਿਨ ਗੜਕਰੀ ਰਾਸ਼ਟਰੀ ਪ੍ਰਧਾਨ ਭਾਜਪਾ ਦੇ ਅੰਮ੍ਰਿਤਸਰ ਦੌਰੇ ਨੂੰ ਲੈ ਕੇ ਭਾਜਪਾ ਮੰਡਲ ਬੱਸੀ ਪਠਾਨਾਂ ਦੀ ਇਕ ਮੀਟਿੰਗ ਹੋਈ। ਭਾਜਪਾ ਪ੍ਰਧਾਨ ਦੇ ਦੌਰੇ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹਾ ਪ੍ਰਧਾਨ ਲਾਲ ਚੰਦ ਜਿੰਦਲ ਅਤੇ ਜ਼ਿਲ੍ਹਾ ਜਰਨਲ ਸਕੱਤਰ ਸਤਿੰਦਰ ਨਾਥ ਸ਼ਰਮਾ ਨੇ ਇਸ ਸਬੰਧੀ ਤਿਆਰੀਆਂ ਦਾ ਜਾਇਜ਼ਾ ਲਿਆ। ਮੰਡਲ ਜਰਨਲ ਸਕੱਤਰ ਰਾਜੀਵ ਸਿੰਗਲਾ ਨੇ ਦੱਸਿਆ ਕਿ ਇਸ ਸਭਾ ਦੀ ਪ੍ਰਧਾਨਗੀ ਸੀਨੀਅਰ ਉਪ ਪ੍ਰਧਾਨ ਕੁਲਦੀਪ ਪਾਠਕ ਨੇ ਕੀਤੀ। ਜ਼ਿਲ੍ਹਾ ਪ੍ਰਧਾਨ ਲਾਲ ਚੰਦ ਜਿੰਦਲ ਨੇ ਕਿਹਾ ਕਿ ਰਾਸ਼ਟਰੀ ਪ੍ਰਧਾਨ ਦੀ 17 ਜਨਵਰੀ ਨੂੰ ਅੰਮ੍ਰਿਤਸਰ ਵਿੱਚ ਰੈਲੀ ਨੂੰ ਲੈ ਕੇ ਪਾਰਟੀ ਵਰਕਰਾਂ ਵਿੱਚ ਭਾਰੀ ਉਤਸਾਹ ਹੈ। ਜ਼ਿਲ੍ਹੇ ਵਿੱਚੋਂ 11 ਬੱਸਾਂ ਰੈਲੀ ਵਿੱਚ ਭਾਗ ਲੈਣ ਜਾ ਰਹੀਆਂ ਹਨ। ਇਸ ਮੌਕੇ ਤੇ ਸਰਹਿੰਦ ਮੰਡਲ ਦੇ ਪ੍ਰਧਾਨ ਸ਼ਸ਼ੀ ਗੁਪਤਾ ਹਾਜ਼ਰ ਸਨ।

ਐੱਮ. ਜੀ. ਐੱਨ. ਪਬਲਿਕ ਸਕੂਲ ਦਾ ਮਨਦੀਪ ਮੈਨ ਆਫ ਦਾ ਮੈਚ ਐਲਾਨਿਆ

ਜਲੰਧਰ, 16 ਜਨਵਰੀ (ਪੱਤਰ ਪ੍ਰੇਰਕ)-ਐੱਮ.ਜੀ.ਐੱਨ ਪਬਲਿਕ ਸਕੂਲ ਆਦਰਸ਼ ਨਗਰ ਜਲੰਧਰ 'ਤੇ ਪਹਿਲਾਂ ਹੀ ਫੁਲਿਆ ਨਹੀਂ ਸੀ ਸਮਾ ਰਿਹਾ, ਜਦੋਂ ਕ੍ਰਿਕਟ ਮਨਦੀਪ ਸਿੰਘ ਵਿਸ਼ਵ ਕੱਪ ਲਈ ਚੁਣਿਆ ਗਿਆ ਤੇ ਅੰਡਰ 19 ਕ੍ਰਿਕਟ ਟੀਮ ਦਾ ਉਪ ਕਪਤਾਨ ਵੀ ਬਣ ਗਿਆ। ਜੋ ਸਿਤਾਰੇ ਚਮਕਦੇ ਹਨ, ਉਨ੍ਹਾਂ ਨੂੰ ਭਾਵੇਂ ਕਿਤੇ ਵੀ ਜੜ੍ਹ ਦਿਓ, ਉਹ ਆਪਣੀ ਚਮਕ ਅਤੇ ਸ਼ਾਨ ਵਿਖਾਉਂਦੇ ਰਹਿਣਗੇ ਅਤੇ ਦੁਨੀਆਂ ਇਨ੍ਹਾਂ ਸਿਤਾਰਿਆਂ ਦੀ ਕੀਮਤੀ ਹੀਰੇ ਮੋਤੀਆਂ ਦਾ ਮੁੱਲ ਪਾਉਂਦੀ ਰਹੇਗੀ। ਐੱਮ.ਜੀ.ਐੱਨ. ਦੇ ਖੁੱਲ੍ਹੇ ਮੈਦਾਨ ਤੋਂ ਸ਼ੁਰੂ ਹੋ ਕੇ ਮਨਦੀਪ ਨੇ ਅੱਗੇ ਹੀ ਅੱਗੇ ਵਧਣਾ ਸਿੱਖਿਆ, ਪਿੱਛੇ ਮੁੜਨਾ ਨਹੀਂ। ਇਹ ਮਨਦੀਪ ਦੀ ਸਖਤ ਮਿਹਨਤ ਦਾ ਨਤੀਜਾ ਹੀ ਹੈ ਕਿ ਅੱਜ ਉਹ ਨਿਊਜ਼ੀਲੈਂਡ ਦੇ ਮੈਦਾਨ ਵਿੱਚ ਆਪਣੀ ਪੂਰੀ ਧਾਂਕ ਜਮਾ ਗਿਆ। 15 ਜਨਵਰੀ ਦੇ ਲੀਗਰ ਮੈਚਾਂ ਵਿੱਚ 16 ਟੀਮਾਂ ਨੇ ਭਾਗ ਲਿਆ। ਭਾਰਤ ਦਾ ਮੈਚ ਅਫਗਾਨਿਸਤਾਨ ਨਾਲ ਹੋਇਆ। ਅਫਗਾਨਿਸਤਾਨ ਦੀ ਟੀਮ ਨੇ 15 ਓਵਰਾਂ ਵਿੱਚ 118 ਰਨ ਬਣਾਏ ਤੇ ਸਾਰੇ ਆਊਟ ਹੋ ਗਏ, ਜਦ ਕਿ ਇੰਡੀਆ ਵਾਲਿਆਂ ਨੇ 27 ਓਵਰਾਂ ਵਿੱਚ 122 ਰਨ ਬਣਾਏ ਤੇ ਸਿਰਫ ਦੋ ਵਿਕਟਾਂ ਹੀ ਗਈਆਂ। ਮਨਦੀਪ ਨੇ 63 ਗੇਂਦਾਂ ਤੇ 51 ਰਨ ਬਣਾਏ ਤੇ ਨਾਟ-ਆਊਟ ਰਿਹਾ। ਉਸ ਨੇ ਤਿੰਨ ਚੌਕੇ ਤੇ ਤਿੰਨ ਛੱਕੇ ਮਾਰੇ। ਮਨਦੀਪ ਸਿੰਘ ਨੂੰ ਮੈਨ ਆਫ ਦੀ ਮੈਚ ਐਲਾਨਿਆ ਗਿਆ। ਜਿੱਥੇ ਭਾਰਤੀ ਟੀਮ ਦੀ ਇਸ ਜਿੱਤ 'ਤੇ ਖੁਸ਼ੀ ਹੋਈ ਹੈ, ਉਥੇ ਮਨਦੀਪ ਨੂੰ ਅਜਿਹੇ ਪ੍ਰਦਰਸ਼ਨ ਵਾਸਤੇ ਸ਼ੁੱਭ ਕਾਮਨਾਵਾਂ ਤੇ ਵਧਾਈਆਂ ਵੀ ਦਿੱਤੀਆਂ ਜਾਂਦੀਆਂ ਹਨ। ਐੱਸ.ਜੀ.ਐੱਨ. ਐਜੂਕੇਸ਼ਨ ਟਰੱਸਟ ਦੇ ਆਨਰੇਰੀ ਸਕੱਤਰ ਸ੍ਰੀ ਜਰਨੈਲ ਸਿੰਘ ਪਸਰੀਚਾ, ਸ੍. ਮਨਮੋਹਨ ਸਿੰਘ ਪਸਰੀਚਾ, ਕੋਚ ਸੰਜੀਵ ਕੁਮਾਰ, ਪ੍ਰਿੰ. ਸਤਵੰਤ ਗਾਖਲ, ਉਪ ਪ੍ਰਿੰ. ਮਿਸਿਜ਼ ਬਰਿੰਦਰ ਬਡਵਾਲ, ਸਭ ਅਧਿਆਪਕ ਸਾਹਿਬਾਨ ਅਤੇ ਬੱਚਿਆਂ ਮਨਦੀਪ ਨੂੰ ਵਧਾਈ ਦਿੱਤੀ।

ਡੀ. ਜੀ. ਪੀ. ਨੂੰ ਸਨਮਾਨਿਤ ਕੀਤਾ

ਬੁਢਲਾਡਾ, 16 ਜਨਵਰੀ (ਦਵਿੰਦਰ ਸਿੰਘ ਕੋਹਲੀ)-ਅਵਤਾਰ ਸਿੰਘ ਥਾਣਾ ਮੁਖੀ ਸਦਰ ਬੁਢਲਾਡਾ ਨੂੰ ਪੰਜਾਬ, ਡੀ.ਜੀ.ਪੀ. ਪਰਮਦੀਪ ਗਿੱਲ ਵੱਲੋਂ ਪੰਜਾਬ ਪੁਲਿਸ ਵਿੱਚ ਚੰਗੀਆਂ ਸੇਵਾਵਾਂ ਕਰਨ ਵਾਲਿਆਂ ਨੂੰ ਪਹਿਲੀ ਵਾਰ ਪੰਜਾਬ ਦੇ ਡੀ.ਜੀ.ਪੀ. 2009 ਐਵਾਰਡ ਨਾਲ 54 ਅਧਿਕਾਰੀਆਂ ਨੂੰ ਪੰਜਾਬ ਪੁਲਿਸ ਦੇ ਹੈੱਡ ਕੁਆਰਟਰ ਤੇ ਚੰਡੀਗੜ੍ਹ ਵਿਖੇ ਲੋਹੜੀ ਦੇ ਤਿਉਹਾਰ ਡਿਸਕਾਂ ਦੇ ਕੇ ਸਨਮਾਨਿਤ ਕੀਤਾ। ਜਿਨ੍ਹਾਂ ਵਿੱਚ ਜੋ ਗੁਰਦਾਸਪੁਰ ਤੋਂ ਆਏ ਅਵਤਾਰ ਸਿੰਘ ਨਵ-ਨਿਯੁਕਤ ਐੱਸ.ਐੱਚ.ਓ. ਸਦਰ ਬੁਢਲਾਡਾ ਨੂੰ ਪੰਜਾਬ ਦੇ ਡੀ.ਜੀ.ਪੀ. ਵੱਲੋਂ ਡਿਸਕ ਦੇ ਕੇ ਸਨਮਾਨਿਤ ਕੀਤਾ, ਜਿਸ ਨਾਲ ਮਾਨਸਾ ਜ਼ਿਲ੍ਹਾ ਦਾ ਨਾਂ ਪੰਜਾਬ ਪੁਲਿਸ ਵਿੱਚ ਰੋਸ਼ਨ ਹੋਇਆ। ਅਵਤਾਰ ਸਿੰਘ ਪੰਜਾਬ ਪੁਲਿਸ ਦੇ ਹਜ਼ਾਰਾਂ ਅਧਿਕਾਰੀਆਂ ਵਿੱਚੋਂ ਕੁਝ ਗਿਣਤੀ ਦੇ ਅਧਿਕਾਰੀਆਂ ਨੂੰ ਸਨਮਾਨਿਤ ਕੀਤੇ ਗਏ। ਇਸ ਉਦਮ ਕਦਮ ਦੀ ਪਿੰਡ ਬੁਢਲਾਡਾ ਦੇ ਸਰਪੰਚ ਮਹਿੰਦਰ ਸਿੰਘ, ਦਰਸ਼ਨ ਸਿੰਘ ਸਰਪੰਚ ਕੱਸੀ, ਸਰਪੰਚ ਬੱਡਿਆਣਾ ਐਂਟੀ ਟੈਰੋਰਿਸਟ ਦੇ ਪ੍ਰਧਾਨ ਸੁਰਿੰਦਰ ਕੁਮਾਰ ਬੋਸਾ ਨੇ ਪੰਜਾਬ ਦੇ ਡੀ.ਜੀ.ਪੀ. ਦਾ ਧੰਨਵਾਦ ਕੀਤਾ ਤੇ ਕਿਹਾ ਕਿ ਇਸ ਕਦਮ ਨਾਲ ਪੰਜਾਬ ਪੁਲਿਸ ਦਾ ਮਨੋਬਲ ਹੋਰ ਵਧੇਗਾ।

ਆਰਜੀ ਤੌਰ ਤੇ ਪੱਕਾ ਕੀਤਾ ਸੜਕ ਦਾ ਟੋਟਾ ਫਿਰ ਟੁੱਟਿਆ

✳ ਜੇ ਸਰਕਾਰ ਚਾਹੇ ਤਾ ਸਭ ਹੱਲ ਹੋ ਸਕਦਾ ਹੈ-ਗਿੱਲ

ਮਾਛੀਵਾੜਾ 16 ਜਨਵਰੀ (ਕੇਵਲ ਕੱਦੋ) ਕਰੀਬ ਸਾਲ ਭਰ ਰਾਹਗੀਰਾ ਤੇ ਹਲਕੇ ਦੇ ਲੋਕਾ ਵੱਲੋ ਸੁਖ ਦਾ ਸਾਹ ਲੈਣ ਤੋ ਬਾਅਦ ਕਈ ਬਾਰ ਅਖਬਾਰਾ ਦੀਆ ਸੁਰਖੀਆ ਬਣ ਚੱਕੇ ਮਾਛੀਵਾੜਾ -ਰਾਹੋ ਰੋਡ ਤੇ ਮੁੱਖ ਮਾਰਗ ਤੇ ਪੈਂਦੇ ਪਿੰਡ ਉਦੋਵਾਲ ਨੇੜੇ ਲਗਭਗ 200 ਤੋ 300

ਫੁਟ ਟੁਟੀ ਹੋਈ ਸੜਕ ਦੇ ਟੋਟੋ ਜਿਸ ਦਾ ਕੇਸ ਅਦਾਲਤ ਵਿਚ ਚਲਦਾ ਹੈ। ਹੁਣ ਫਿਰ ਪਹਿਲਾ ਵਾਲੀ ਹਾਲਤ ਦਾ ਰੂਪ ਧਾਰਨ ਕਰਕੇ ਜਿੱਥੇ ਹਾਈਵੇ ਹੋਣ ਕਾਰਨ ਭਾਰੀਆ ਤੇ ਲੰਬੇ ਸਫਰ ਕਰਨ ਵਾਲੀਆ ਗੱਡੀਆ ਨੂੰ ਔਕੜਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਉੱਥੇ ਨੇੜੇ-ਤੇੜੇ ਰਹਿਣ ਵਾਲੇ ਲੋਕਾ ਦਾ ਜੀਣਾ ਦੂਭਰ ਹੋ ਗਿਆ ਹੈ। ਪਿਛਲੇ ਸਾਲ ਸਾਰੀਆ ਸਿਆਸੀ ਤੇ ਸਮਾਜ ਸੇਵੀ ਜੱਥੇਬੰਦੀਆ ਨੇ ਸਿਆਸਤ ਤੋ ਉਪਰ ਉਠ ਕੇ ਬਜੁਰਗ ਤੇ ਸ੍ਰੋਮਣੀ ਕਮੇਟੀ ਮੈਬਰ ਜੱਥੇਦਾਰ ਕ੍ਰਿਪਾਲ ਸਿੰਘ ਖੀਰਨੀਆ ਦੀ ਅਗਵਾਈ ਵਿਚ ਇਹ ਟੁਟੇ ਹੋਏ ਰਸਤੇ ਨੂੰ ਆਰਜੀ ਤੌਰ ਤੇ ਇੱਟਾ ਵਾਲਾ ਬਣਾ ਕੇ ਪੱਕਾ ਕਰ ਦਿੱਤਾ ਸੀ ਪਰ ਕੇਸ ਅਦਾਲਤ ਵਿਚ ਹੋਣ ਕਾਰਨ ਕੋਈ ਸਥਾਈ ਹੱਲ ਨਹੀ ਸੀ ਨਿਕਲਿਆ। ਹੁਣ ਦੁਬਾਰਾ ਇਹ ਰਸਤਾ ਪਹਿਲਾ ਵਾਲੀ ਸਥਿਤੀ ਵਿਚ ਹੋ ਗਿਆ ਤੇ ਬੁਰੀ ਤਰਾ ਟੁਟ ਚੁੱਕਾ ਹੈ ਤੇ ਮਿੱਟੀ ਵੀ ਭੁੱਬਲ ਦਾ ਰੂਪ ਧਾਰਨ ਕਰਕੇ ਪੈਦਲ ਤੇ ਹੋਰ ਆਉਣ ਜਾਣ ਵਾਲਿਆ ਦਾ ਮੂੰਹ ਸਿਰ ਇੱਕ ਕਰ ਰਹੀ ਹੈ। ਪਿੰਡ ਉਦੋਵਾਲ ਵਿਖੇ ਟੁਟੇ ਹੋਏ ਥਾ ਤੇ ਪਹੁੰਚੇ ਬਲਾਕ ਕਾਗਰਸ ਕਿਸਾਨ ਵਿੰਗ ਦੇ ਪ੍ਰਧਾਨ ਨੰਬਰਦਾਰ ਹਰਮਿੰਦਰ ਸਿੰਘ ਗਿੱਲ ਤੇ ਪਿੰਡ ਝੜੌਦੀ ਦੇ ਸਮਾਜ ਸੇਵੀ ਨੋਜਵਾਨ ਸਿਵ ਕੁਮਾਰ ਸਿਵਲੀ ਨੇ ਕਿਹਾ ਹੈ ਕਿ ਇਸ ਥਾ ਦਾ ਕੇਸ ਅਦਾਲਤ ਵਿਚ ਹੋਣ ਕਰਕੇ ਸਭ ਤੋ ਵੱਡਾ ਅੜਿੱਕਾ ਹੈ ਨਹੀ ਤਾ ਅਜਿਹਾ ਕੋਈ ਮਸਲਾ ਨਹੀ ਜਿਸ ਦਾ ਕੋਈ ਹੱਲ ਨਾ ਕੱਢਿਆ ਜਾ ਸਕੇ। ਜੇਕਰ ਸਰਕਾਰ ਇਸ ਨੂੰ ਗੰਭੀਰਤਾ ਨਾਲ ਲਵੇ ਤਾ ਇਹ ਮਸਲਾ ਮਿੰਨਟਾ ਵਿਚ ਹੱਲ ਹੋ ਸਕਦਾ ਹੈ। ਬਾਕੀ ਅਸੀ ਫਿਰ ਜੱਥੇਦਾਰ ਖੀਰਨੀਆ ਨੂੰ ਮਿਲ ਕੇ ਦੁਬਾਰਾ ਇਸ ਸੜਕ ਨੂੰ ਬਣਾਉਣ ਦਾ ਕੋਈ ਹੱਲ ਕਰਵਾਗੇ। ਇਸ ਮੌਕੇ ਜੱਥੇਦਾਰ ਮਹਿੰਦਰ ਸਿੰਘ ਸੰਸੋਵਾਲ,ਸਰਪੰਚ ਗੁਰਪ੍ਰੀਤ ਸਿੰਘ ਚੱਕੀ,ਸਰਪੰਚ ਜਸਵੀਰ ਸਿੰਘ ਮਿਲਕੋਵਾਲ ਤੇ ਸਰਪੰਚ ਸਤਿਨਾਮ ਸਿੰਘ ਬਿੱਟੂ ਵੀ ਹਾਜ਼ਰ ਸਨ।

ਲੁਧਿਆਣਾ ਦੇ ਇਮੇਜਿੰਗ ਤੇ ਪ੍ਰਿੰਟਿੰਗ ਦੇ ਗ੍ਰਾਹਕਾਂ ਦੇ ਲਈ ਐੱਚ.ਪੀ. ਦੀ ਪਹਿਲ

ਲੁਧਿਆਣਾ, 16 ਜਨਵਰੀ (ਸਚਦੇਵਾ)-ਇਸ ਨਵੇਂ ਸਾਲ ਵਿੱਚ ਹਿਊਲੈਟ ਪੈਕਰਡ ਇੰਡੀਆ ਲੇਜਰ ਪ੍ਰਿੰਟਿੰਗ ਸੈਗਮੈਂਟ ਵਿੱਚ ਆਪਣੇ ਸਭ ਤੋਂ ਜ਼ਿਆਦਾ ਵਿਕਣ ਵਾਲੇ ਉਤਪਾਦ ਪੰਜਾਬ ਦੇ ਬਜ਼ਾਰਾਂ ਵਿੱਚ ਪੇਸ਼ ਕਰ ਰਹੇ ਹਨ। ਲਘੂ ਤੋਂ ਮੱਧ ਅਕਾਰ ਦੇ ਉਦਯੋਗਾਂ ਦੀ ਜ਼ਰੂਰਤਾਂ ਦੀ ਪੂਰਤੀ ਦੇ ਲਈ ਐੱਚ.ਪੀ. ਨੇ ਅੱਜ ਇੱਕ ਪੂਰੀ ਮੁਹਿੰਮ ਕਰਨ ਦਾ ਐਲਾਨ ਕੀਤਾ ਹੈ। ਤਾਂ ਕਿ ਲਘੂ ਤੇ ਮੱਧ ਅਕਾਰ ਦੀ ਕੰਪਨੀਆਂ ਨੂੰ ਅਜਿਹੀ ਤਕਨੀਕਾਂ ਅਪਨਾਉਣ ਦੇ ਲਈ ਉਤਸ਼ਾਹ ਮਿਲੇ, ਜਿਸ ਨਾਲ ਉਨ੍ਹਾਂ ਦੇ ਵਪਾਰ ਵਿੱਚ ਕਾਫੀ ਸੁਧਾਰ ਆਏ।

ਵੱਖ-ਵੱਖ ਮੁਲਾਜ਼ਮ, ਮਜ਼ਦੂਰ ਤੇ ਕਿਸਾਨ ਜਥੇਬੰਦੀਆਂ ਵੱਲੋਂ ਪੁਲਿਸ ਦਹਿਸ਼ਤ ਖਿਲਾਫ ਸਾਂਝੀ ਰੈਲੀ ਅੱਜ

ਸਮਰਾਲਾ, 16 ਜਨਵਰੀ (ਕੁਲਵੰਤ ਤਰਕ)-ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ ਲੁਧਿਆਣਾ ਦੇ ਪ੍ਰਧਾਨ ਹਰਜਿੰਦਰ ਸਿੰਘ ਤੋਂ ਮਿਲੀ ਜਾਣਕਾਰੀ ਅਨੁਸਾਰ ਦਸੰਬਰ 3, 4 ਨੂੰ ਵਾਪਰੇ ਦੁਖਦਾਇਕ ਢੰਡਾਰੀ ਕਾਂਡ (ਲੁਧਿ.) ਦੇ ਸੰਬੰਧ ਵਿੱਚ ਮਜ਼ਦੂਰਾਂ ਦੇ ਹੱਕੀ ਸੰਘਰਸ਼ ਨੂੰ ਕੁਚਲਣ ਲਈ ਪੰਜਾਬੀ ਅਤੇ ਪ੍ਰਵਾਸੀ ਦੇ ਨਾਂਅ 'ਤੇ ਆਪਸ ਚਿੱ ਲੜਾਉਣ ਦੀ ਸਾਜ਼ਿਸ਼ ਰਚੀ ਅਤੇ ਕਰਫਿਊ ਲਗਾ ਕੇ ਅੱਧੇ ਪੰਜਾਬ ਦੀ ਪੁਲਿਸ ਬੁਲਾ ਕੇ ਸਾਂਝਾ ਭਿਆਨਕ ਕਾਤਲਾਨਾ ਹਮਲਾ ਬੋਲਿਆ, ਮਜ਼ਦੂਰਾਂ 'ਤੇ ਭਿਅੰਕਰ ਤਸ਼ੱਦਦ ਕੀਤਾ ਗਿਆ ਇਸ ਤਸ਼ੱਦਦ ਵਿੱਚ ਦੋ ਮਜ਼ਦੂਰ ਮਾਰੇ ਗਏ। ਇੱਕ ਪੁਲਿਸ ਗੋਲੀ ਨਾਲ ਇੱਕ ਪੁਲਿਸ ਦੀ ਸ਼ਹਿ 'ਤੇ ਸ਼ਿਸਕਾਰੇ ਗਏ ਗੁੰਡਿਆਂ ਹੱਥੋਂ। ਅਨੇਕਾਂ ਫੱਟੜ ਹੋਏ, ਈਸ਼ਵਰ ਕਾਲੋਨੀ, ਦੁਰਗਾ ਕਾਲੋਨੀ, ਜੀ.ਐੱਸ. ਆਟੋ ਨੇੜੇ ਲੱਗਭੱਗ 100 ਤੋਂ ਵੱਧ ਕੁਆਟਰ, ਦੁਕਾਨਾਂ, ਘਰ ਬਾਰ (ਸਣੇ) ਸਮਾਨ ਸਾੜ ਕੇ ਸੁਆਹ ਕੀਤੇ ਗਏ। ਨੌਜਵਾਨ ਬਹੂ ਬੇਟੀਆਂ ਦੀ ਇੱਜ਼ਤ ਰੋਲੀ ਗਈ। ਤਿੰਨ ਦਸੰਬਰ ਦੀ ਰਾਤ ਤੋਂ ਹੀ ਕਰੀਬ 42 ਬੇਕਸੂਰ ਮਜ਼ਦੂਰਾਂ ਨੂੰ ਉਨ੍ਹਾਂ ਦੇ ਘਰਾਂ ਵਿੱਚੋਂ ਜਬਰੀ ਚੁੱਕ ਕੇ ਅੰਨ੍ਹਾ ਤਸ਼ੱਦਦ ਕੀਤਾ ਗਿਆ ਤੇ ਸੰਗੀਨ ਧਰਾਵਾਂ ਤਹਿਤ ਜੇਲ੍ਹਾਂ ਵਿੱਚ ਡੱਕ ਦਿੱਤਾ ਗਿਆ। ਆਗੂ ਨੇ ਕਿਹਾ ਕਿ ਪ੍ਰਵਾਸੀ ਮਜ਼ਦੂਰ ਪੰਜਾਬ ਵਿੱਚ ਵੱਡੇ ਪੱਧਰ 'ਤੇ ਹਿਜਰਤ ਕਰਨ ਲੱਗ ਪਏ, ਜਿਸ ਨਾਲਵ ਫੈਕਟਰੀਆਂ ਦਾ ਕਾਰੋਬਾਰ ਵੀ ਪ੍ਰਭਾਵਿਤ ਹੋਇਆ। ਪੁਲਿਸ ਤਸ਼ੱਦਦ ਦੀ ਦਹਿਸ਼ਤ ਤੋੜਨ ਲਈ ਮਿਤੀ 17 ਜਨਵਰੀ ਦਿਨ ਐਤਵਾਰ ਨੂੰ ਵੱਖ-ਵੱਖ ਦਰਜਨ ਤੋਂ ਉੱਤੇ ਮੁਲਾਜ਼ਮ ਮਜ਼ਦੂਰ, ਕਿਸਾਨ, ਜਨਤਕ ਜਮਹੂਰੀ ਜਥੇਬੰਦੀਆਂ ਤੇ ਟਰੇਡ ਯੂਨੀਅਨਾਂ ਵੱਲੋਂ ਠੀਕ 11 ਵਜੇ ਈਸ਼ਵਰ ਕਾਲੋਨੀ ਢੰਡਾਰੀ ਖੁਰਦ ਪਟਿਆਲਾ ਵਿਖੇ ਸਾਂਝੀ ਰੈਲੀ ਕੀਤੀ ਜਾ ਰਹੀ ਹੈ। ਸਮੁੱਚੇ ਮਿਹਨਤਕਸ਼ ਲੋਕਾਂ ਨੂੰ ਪੁੱਜਣ ਦੀ ਪੁਰਜ਼ੋਰ ਅਪੀਲ ਕੀਤੀ ਗਈ ਹੈ। ਇਸ ਰੈਲੀ ਦੇ ਸੰਬੰਧ ਵਿੱਚ ਇੱਕ ਹੱਥ ਪਰਚਾ ਵੱਡੇ ਪੱਧਰ ਮਜ਼ਦੂਰਾਂ ਤੇ ਹੋਰ ਲੋਕਾਂ ਵਿੱਚ ਵੰਡਿਆ ਗਿਆ ਹੈ।

ਕਾਂਗਰਸ ਸੇਵਾ ਦਲ ਦੀ ਇਕੱਤਰਤਾ

ਤਰਨ ਤਾਰਨ, 16 ਜਨਵਰੀ (ਦਾਰਾ ਸਿੰਘ ਪਰਵਾਨਾ)-ਕਾਂਗਰਸ ਸੇਵਾ ਦਲ ਦੀ ਭਰਵੀਂ ਇਕੱਤਰਤਾ ਕੈਪਟਨ ਸਵਰਨ ਸਿੰਘ ਚੀਮਾ ਜ਼ਿਲ੍ਹਾ ਚੀਫ ਤਰਨ ਤਾਰਨ ਦੀ ਪ੍ਰਧਾਨਗੀ ਹੇਠ ਕਾਂਗਰਸ ਭਵਨ ਵਿਖੇ ਹੋਈ, ਜਿਸ ਵਿੱਚ ਸਵਿੰਦਰ ਕੌਰ ਮੂਸੇ, ਪਰਮਜੀਤ ਕੌਰ, ਬਲਵਿੰਦਰ ਕੌਰ, ਜਗੀਰ ਕੌਰ, ਮਨਜੀਤ ਕੌਰ, ਦਰਸ਼ਨ ਕੌਰ, ਭਜਨ ਕੌਰ, ਜਸਵੰਤ ਸਿੰਘ, ਦਲਬੀਰ ਸਿੰਘ, ਨਿਰਵੈਲ ਸਿੰਘ, ਬਖਤਾਵਰ ਸਿੰਘ, ਮਹਿੰਦਰ ਸਿੰਘ, ਲਾਸੌਰ, ਬਲਕਾਰ ਸਿੰਘ ਪਲਾਸੌਰ ਨੇ ਭਾਗ ਲਿਆ। ਮੀਟਿੰਗ ਵਿੱਚ ਸਰਬ ਸੰਮਤੀ ਨਾਲ ਕਾਂਗਰਸ ਸੇਵਾ ਦਲ ਵਿੱਚ 6-7 ਸਾਲ ਤੋਂ ਵਧੀਆ ਕੰਮ ਕਰ ਰਹੀ ਹੈ।

ਖੂਨੀ ਤਾਰਾਂ ਦਾ ਉਤਾਰਾ ਹੋਇਆ ਤੀਹ ਸਾਲਾਂ ਬਾਅਦ-ਨਰਿੰਦਰ ਪੰਮਾ

ਗੜ੍ਹਸ਼ੰਕਰ, 16 ਜਨਵਰੀ (ਪ.ਪ.) ਸਰਵ ਧਰਮ ਨੌਜਵਾਨ ਸੁਸਾਇਟੀ ਬੋੜਾ ਦੇ ਚੇਅਰਮੈਨ ਅਤੇ ਆਲ ਇੰਡੀਆ ਹਿਊਮਨ ਰਾਈਟਜ਼ ਇਕਾਈ ਗੜ੍ਹਸ਼ੰਕਰ ਦੇ ਬਲਾਕ ਚੀਫ਼ ਮਿ. ਨਰਿੰਦਰ ਕੁਮਾਰ ਪੰਮਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆ ਕਿਹਾ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੋੜਾ ਵਿਖੇ ਸਕੂਲੀ ਛੱਤਾਂ ਨਾਲ 25-30 ਸਾਲਾਂ ਤੋਂ ਖਹਿੰਦੀਆਂ ਬਿਜਲੀ ਦੀਆਂ ਤਾਰਾਂ ਜੋ ਬੱਚਿਆਂ ਦੀ ਜਿੰਦਗੀ ਉੱਤੇ ਬਹੁਤ ਬੜਾ ਖਤਰਾ ਸੀ। ਉਨ੍ਹਾਂ ਉਤਾਰਨ ਲਈ ਬਿਜਲੀ ਮਹਿਕਮੇ ਨੂੰ ਕਈ-ਕਈ ਬਾਰ ਸੂਚਨਾ ਅਤੇ ਬੇਨਤੀ ਪੱਤਰ ਲਿਖੇ ਗਏ ਪਰ ਮਹਿਕਮਾ ਕੁੰਭਕਰਨੀ ਨੀਂਦ ਵਿੱਚ ਸੁੱਤਾ ਕਿਸੇ ਹਾਦਸੇ ਦਾ ਇੰਤਜਾਰ ਕਰਦਾ ਰਿਹਾ। ਲੇਕਿਨ ਸਾਡੀ ਸੁਸਾਇਟੀ ਨੇ ਹਿੰਮਤ ਨਾ ਹਾਰਦਿਆ ਇੱਕ ਵਾਰ ਐਮ. ਪੀ. ਅਵਿਨਾਸ਼ ਰਾਏ ਖਖਨਾ ਨੂੰ ਜੂਨ 2008 ਵਿੱਚ ਮੈਮੋਰੈਂਡਮ ਦਿੱਤਾ। ਅਫਸੋਸ ਕਿ ਉਨ੍ਹਾਂ ਵੱਲੋਂ ਵੀ ਢਿੱਲ ਵਰਤੀ ਗਈ ਪਰ ਹੁਣ ਜਦੋਂ ਉਹ ਹਿਊਮਨ ਰਾਈਟਜ ਦੀ ਸਰਕਾਰੀ ਸੰਸਥਾ ਵਿੱਚ ਬਤੌਰ ਕਮਿਸ਼ਨ ਮੈਂਬਰ ਪੰਜਾਬ ਕਾਰਜਕਾਰੀ ਹਨ ਤਾਂ ਸਾਡੀ ਸੰਸਥਾ ਨੇ ਅਤੇ ਆਲ ਇੰਡੀਆ ਹਿਊਮਨ ਰਾਈਟਜ ਦੇ ਇੱਕ ਵਫ਼ਦ ਨੇ ਸਾਂਝਾ ਉਪਰਾਲਾ ਕਰਦੇ ਹੋਏ ਦੁਆਰਾ ਮੈਮੋਰੈਂਡਮ ਪੇਸ਼ ਕੀਤਾ। ਜਿਸ ਦੇ ਨਤੀਜੇ 14 ਜਨਵਰੀ ਦੇਖਣ ਨੂੰ ਮਿਲੇ ਜਦੋਂ ਬਿਜਲੀ ਮਹਿਕਮੇ ਨੇ ਛੱਤਾਂ ਨਾਲ ਖਹਿੰਦੀਆਂ ਤਾਰਾਂ ਦਾ ਰਸਤਾ ਬਦਲ ਦਿੱਤਾ।

ਟੀ-10 ਗਲੀ ਕ੍ਰਿਕੇਟ ਸੀਜਨ 2

ਲੁਧਿਆਣਾ, 16 ਜਨਵਰੀ (ਸਚਦੇਵਾ)-ਪ੍ਰਾਥਮਿਕ ਚਯਨ ਅਤੇ ਰਾਜ ਅੰਤਰਗਤ ਮੈਚਾਂ ਦੇ ਦੌਰਾਨ ਟੀ-10 ਗਲੀ ਕ੍ਰਿਕੇਟ ਸੀਜ਼ਨ 2 ਹੁਣ ਹਰ ਕੋਈ ਖੇਡੇਗਾ ਜੋ ਇੱਕ ਮਲਟੀ ਸਿਟੀ ਟੇਲੈਂਟ ਹੰਟ ਸਾਰੇ ਸ਼ਹਿਰਾਂ ਦੀ ਪ੍ਰਤਿਭਾ ਖੋਜ ਦੇ ਲਈ ਸਮਰਪਿਤ ਇੱਕ ਸਮਾਜਿਕ ਉਪਕ੍ਰਮ ਹੈ ਜਿਹੜਾ 19 ਜਨਵਰੀ ਤੋਂ 3 ਫਰਵਰੀ 2010 ਤੱਕ ਹਰਿਆਣਾ ਸਥਿਤ ਸਿਰਸਾ ਵਿੱਚ ਸ਼ੁਰੂ ਹੋ ਰਿਹਾ ਹੈ। ਹਰ ਇੱਕ ਗਰੁਪ, ਸੁਪਰ-8, ਸੈਮੀ ਫਾਈਨਲਜ਼ ਅਤੇ ਫਾਈਨਲਜ਼ ਜਨਨਾਇਕ ਚੌਧਰੀ ਦੇਵੀ ਲਾਲ ਨੈਸ਼ਨਲ ਕ੍ਰਿਕੇਟ ਅਕਾਦਮੀ, ਸਿਰਸਾ ਵਿੱਚ ਖੇਡੇ ਜਾਣਗੇ। ਇਹ ਮੈਚ ਨਾਸਿਕ, ਲਾਤੂਰ, ਸੂਰਤ, ਦਮਣ, ਇਲਾਹਾਬਾਦ, ਲਖਨਊ, ਕਾਨ੍ਹਪੁਰ, ਗਵਾਲੀਅਰ, ਅੰਮ੍ਰਿਤਸਰ, ਪੰਚਕੂਲਾ, ਲੁਧਿਆਣਾ, ਗੋਰਖਪੁਰ, ਵਾਰਾਨਸੀ, ਬਲਿਆ, ਪਟਨਾ ਅਤੇ ਸਿਰਸਾ ਵਿੱਚ ਖਿਲਾੜੀਆਂ ਦੇ ਵਿੱਚ ਖੇਡੇ ਜਾਣਗੇ।

ਬੁਢਾਪਾ ਪੈਨਸ਼ਨ ਲੈਣ ਲਈ ਰੋਸ ਧਰਨਾ ਦਿੱਤਾ

ਨੰਗਲ, 16 ਜਨਵਰੀ (ਧਰਮਪਾਲ, ਜੰਡੀਰ)-ਬੀਤੇ ਦਿਨੀਂ ਪਿੰਡ ਦਿਆਪੁਰ ਵਿਖੇ ਪਿੰਡ ਦੇ ਹੀ ਬਜ਼ੁਰਗ ਪੈਨਸ਼ਨ ਧਾਰਕਾਂ ਨੇ ਬੁਢਾਪਾ ਪੈਨਸ਼ਨ ਲਈ ਸਰਪੰਚ ਕਮਲਜੀਤ ਕੌਰ ਵਿਰੁੱਧ ਰੋਸ ਧਰਨਾ ਦਿੱਤਾ। ਜਿਸ ਵਿੱਚ ਪੰਚਾਇਤ ਮੈਂਬਰ ਅਸ਼ਵਨੀ, ਨਰਿੰਦਰ ਅਤੇ ਕਮਲੇਸ਼ ਰਾਣੀ ਵੀ ਪੈਨਸ਼ਨ ਨਾ ਮਿਲਣ ਕਾਰਨ ਇਨ੍ਹਾਂ ਬਜ਼ੁਰਗਾਂ ਦੇ ਹੱਕ ਵਿੱਚ ਨਿਤਰ ਗਏ। ਜ਼ਿਕਰਯੋਗ ਹੈ ਕਿ ਸਰਪੰਚ ਵੱਲੋਂ 8 ਦਸੰਬਰ ਅਤੇ 14 ਦਸੰਬਰ 2009 ਨੂੰ ਬੈਂਕ ਵਿੱਚੋਂ ਪੈਨਸ਼ਨ ਕਢਵਾ ਕੇ ਬਜ਼ੁਰਗਾਂ ਨੂੰ ਵੰਡ ਦਿੱਤੀ ਗਈ ਸੀ। ਬਾਅਦ ਵਿੱਚ 11 ਜਨਵਰੀ 2010 ਨੂੰ ਪਿੰਡ ਦੇ ਸਰਪੰਚ ਵੱਲੋਂ ਫਿਰ ਪੈਨਸ਼ਨ ਕਢਵਾਈ ਗਈ। ਉਨ੍ਹਾਂ ਵੱਲੋਂ ਵੰਡਣ ਨਾ ਕਾਰਨ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਬਜ਼ੁਰਗਾਂ ਨੇ ਸਰਪੰਚ ਦੇ ਵਿਰੁੱਧ ਧਰਨਾ ਦਿੱਤਾ ਕਿ ਉਨ੍ਹਾਂ ਪੈਨਸ਼ਨ ਕਢਵਾ ਕੇ ਆਪਣੇ ਕੋਲ ਕਿਉਂ ਰੱਖੀ ਹੈ। ਇਸ ਸੰਬੰਧ ਵਿੱਚ ਸਰਪੰਚ ਕਮਲਜੀਤ ਕੌਰ ਨੇ ਕਿਹਾ ਕਿ ਜੋ ਪੈਨਸ਼ਨ ਦਿਸੰਬਰ ਵਿੱਚ ਕੱਢਵਾ ਕੇ ਲੋਕਾਂ ਨੂੰ ਦਿੱਤੀ ਹੈ, ਉਹ ਮਈ, ਜੂਨ 2009 ਦੀ ਸੀ। ਜੋ ਪੈਨਸ਼ਨ 11 ਜਨਵਰੀ 2010 ਨੂੰ ਕਢਵਾਈ ਹੈ, ਉਹ ਅਗਸਤ 2009 ਦੀ ਹੈ। ਪਿਛਲੇ ਸਾਲ ਜੁਲਾਈ ਮਹੀਨੇ ਦੀ ਪੈਨਸ਼ਨ ਅਜੇ ਤੱਕ ਨਹੀਂ ਆਈ। ਜੋ ਪੈਸੇ ਮੈਂ ਬੈਂਕ ਵਿੱਚੋਂ ਕਢਵਾਏ ਹਨ। ਇੱਕ ਦੋ ਦਿਨ ਵਿੱਚ ਵੰਡ ਦਿਆਂਗੀ।

ਸੁਰਜੀਤ ਸਿੰਘ ਖਿਆਲੀ ਨੂੰ ਸ਼ਰਧਾਂਜ਼ਲੀਆਂ ਭੇਂਟ

ਮਹਿਲ ਕਲਾਂ, 16 ਜਨਵਰੀ (ਪ.ਪ.) ਸੇਵਾ ਮੁਕਤ ਕਾਨੂੰਗੋ ਸੁਰਜੀਤ ਸਿੰਘ ਖਿਆਲੀ ਨਮਿੱਤ ਅੰਤਿਮ ਅਰਦਾਸ ਵਿੱਚ ਵੱਖ ਵੱਖ ਆਗੂਆਂ, ਮੁਲਾਜਮ ਜੱਥੇਬੰਦੀਆਂ, ਸਮਾਜ ਸੇਵੀ ਕਲੱਬਾਂ ਅਤੇ ਪੰਚਾਂ, ਸਰਪੰਚਾਂ ਨੇ ਭਰਵੀਂ ਸ਼ਮੂਲੀਅਤ ਕੀਤੀ। ਸ਼ਰਧਾਂਜਲੀਆਂ ਸਮਾਗਮ ਨੂੰ ਸੰਬੋਧਨ ਕਰਦਿਆਂ ਆਸਰਾ ਪਟਵਾਰੀ ਵੈਲਫੇਅਰ ਕਲੱਬ ਦੇ ਜਨਰਲ ਸਕੱਤਰ ਸਾਹਿਤਕਾਰ ਦਰਸ਼ਨ ਸਿੰਘ ਗੁਰੂ ਨੇ ਕਿਹਾ ਕਿ ਉਨ੍ਹਾਂ ਆਪਣੀ ਸਾਰੀ ਜਿੰਦਗੀ ਸਮਾਜ ਸੇਵਾ ਲੇਖੇ ਲਾਈ। ਜੱਥੇਬੰਦੀ ਵਿੱਚ ਆਗੂ ਰੋਲ ਅਦਾ ਕਰਕੇ ਆਪਣਾ ਨਾਮ ਗਿਣਵੇ ਲੋਕਾਂ ਦੀ ਸੂਚੀ ਵਿੱਚ ਦਰਜ ਕਰਵਾਇਆ। ਸਾਨੂੰ ਅਜਿਹੀਆਂ ਬਹੁਪੱਖੀ ਸ਼ਖਸੀਅਤਾਂ ਤੋਂ ਪ੍ਰੇਰਨਾ ਲੈਣੀ ਚਾਹੀਦਾ ਹੈ। ਟਰੇਡ ਯੂਨੀਅਨ ਆਗੂ ਨਰੈਣ ਦੱਤ ਨੇ ਕਿਹਾ ਕਿ ਅਜਿਹੇ ਮਹਾਨ ਮਨੁੱਖ ਜਿਨ੍ਹਾਂ ਨੌਕਰੀ ਪੇਸ਼ੇ ਦੇ ਨਾਲ ਨਾਲ ਲੋਕਾਂ ਵਿੱਚ ਚੰਗੇ ਗੁਣ ਪੈਦਾ ਕਰਕੇ ਚੇਤਨਾ ਕਰਨ ਦੀਆਂ ਅਣਥੱਕ ਕੋਸ਼ਿਸ਼ਾਂ ਕੀਤੀਆਂ ਦੇ ਤੁਰ ਜਾਣ ਨਾਲ ਨਾ ਪੂਰੇ ਜਾਣ ਵਾਲਾਵੱਡਾ ਘਾਟਾ ਪੈਂਦਾ ਹੈ। ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਦੇ ਜ਼ਿਲ੍ਹਾ ਜਸਪਾਲ ਸਿੰਘ ਕਲਾਲਮਾਜਰਾ ਨੇ ਕਿਹਾ ਕਿ ਕਾਨੂੰਗੋ ਸੁਰਜੀਤ ਸਿੰਘ ਹਮੇਸ਼ਾ ਹੀ ਬਿਪਤਾ ਮਾਰੇ ਲੋਕਾਂ ਦੀ ਮਦਦ ਲਈ ਤੱਤਪਰ ਰਹਿੰਦੇ ਸਨ। ਉਨ੍ਹਾਂ ਦਾ ਸਮੁੱਚਾ ਪਰਿਵਾਰ ਵੀ ਕਦਮ ਚਿਨ੍ਹਾਂ 'ਤੇ ਚੱਲਦਾ ਹੋਇਆ ਨਾਮਣਾ ਖੱਟ ਰਿਹਾ ਹੈ। ਆਸਰਾ ਪਟਵਾਰੀ ਵੈਲਫੇਅਰ ਕਲੱਬ ਦੇ ਦਲਬਾਰ ਸਿੰਘ ਮਾਨ, ਮੈਂਬਰ ਜ਼ਿਲ੍ਹਾ ਪ੍ਰੀਸ਼ਦ ਕੁਲਵੰਤ ਸਿੰਘ ਲੋਹਗੜ੍ਹ, ਸਮਾਜ ਸੇਵਕ ਭੋਲਾ ਸਿੰਘ ਪਾਸੀ, ਸਰਪੰਚ ਭਗਵਾਨ ਦੇਵੀ ਖਿਆਲੀ, ਪਵਟਾਰ ਯੂਨੀਅਨ ਦੇ ਕਰਨੈਲ ਸਿੰਘ ਬੁੱਟਰ, ਆਰਸਾ ਕਲੱਬ ਦੇ ਕ੍ਰਿਸ਼ਨ ਸਹਿਜੜਾ, ਰਾਜੇਸ਼ ਭੁਟਾਨੀ ਅਤੇ ਪ੍ਰੀਤਮ ਸਿੰਘ ਚਹਿਲ ਨੇ ਸੁਰਜੀਤ ਸਿੰਘ ਖਿਆਲੀ ਨੂੰ ਸ਼ਰਧਾਂਜਲੀ ਭੇਂਟ ਕੀਤੀ।

ਪਿੰਡਾਂ 'ਚ ਵਿਕਾਸ ਕਾਰਜਾਂ ਲਈ ਫੰਡਾਂ ਦੀ ਘਾਟ ਨਹੀਂ ਆਉਣ ਦਿੱਤੀ ਜਾਵੇਗੀ-ਕੈਰੋਂ

ਤਰਨ ਤਾਰਨ, 16 ਜਨਵਰੀ (ਦਾਰਾ ਸਿੰਘ ਪਰਵਾਨਾ)-ਪੰਜਾਬ ਵਿੱਚ ਜਨਵਰੀ 2010 ਤੋਂ ਗਰੀਬੀ ਰੇਖਾਂ ਤੋਂ ਉੱਪਰ ਵਰਗ ਦੇ ਲੋਕਾਂ ਲਈ ਪੌਸਟਿਕ ਆਟਾ ਸਕੀਮ ਅਧੀਨ 80 ਹਜ਼ਾਰ ਮੀਟਰਕ ਟਨ ਸਨਹਿਰੀ ਪਲੱਸ ਆਟਾ ਵੇਚਿਆ ਜਾ ਰਿਹਾ ਹੈ, ਜੋ 10-10 ਕਿਲੋ ਦੀਆਂ ਥੈਲੀਆਂ ਵਿੱਚ ਹੋਵੇਗਾ ਅਤੇ ਇਹ ਆਟਾ ਸਾਰੇ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੋਵੇਗਾ। ਇਹ ਪ੍ਰਗਟਾਵਾ ਆਦੇਸ਼ ਪ੍ਰਤਾਪ ਸਿੰਘ ਕੈਰੋਂ ਸਿਵਲ ਸਪਲਾਈ ਮੰਤਰੀ ਪੰਜਾਬ ਨੇ ਪਿੰਡ ਪਿੰਦੀ (ਨਰਾਇਣ ਗੜ੍ਹ) ਵਿਖੇ ਲੱਗਭੱਗ 50 ਪਿੰਡਾਂ ਦੀਆਂ ਪੰਚਾਇਤਾਂ ਦੇ ਨੁਮਾਇੰਦਿਆਂ ਨੂੰ ਸੰਬੋਧਨ ਕਰਦਿਆਂ ਕੀਤਾ। ਇਸ ਸੰਗਤ ਦਰਸ਼ਨ ਸਮਾਗਮ ਦੌਰਾਨ ਸ੍. ਕੈਰੋਂ ਨੇ ਲੋਕਾਂ ਵਿੱਚ ਬੈਠ ਕੇ ਪਿੰਡਾਂ ਨੂੰ ਫੌਰੀ ਲੋੜੀਦੀਆਂ ਸਹੂਲਤਾਂ ਅਤੇ ਲੰਮੇ ਸਮੇਂ ਵਿੱਚ ਕੀਤੇ ਜਾਣ ਵਾਲੇ ਵਿਕਾਸ ਕਾਰਜਾਂ ਦੀ ਯੋਜਨਾ ਬੰਦੀ ਕਰਨ ਲਈ ਪੰਚਾਇਤਾਂ ਤੋਂ ਸੁਝਾਅ ਪ੍ਰਾਪਤ ਕੀਤੇ ਅਤੇ ਕਿਹਾ ਕਿ ਆਉਂਦੇ ਥੋੜ੍ਹੇ ਸਮੇਂ ਦੌਰਾਨ ਹੀ ਯੋਜਨਾ ਬੰਦ ਕੀਤੇ ਗਏ ਕੰਮਾਂ ਵਾਸਤੇ ਲੋੜੀਂਦੇ ਫੰਡ ਜਾਰੀ ਕਰ ਦਿੱਤੇ ਜਾਣਗੇ। ਬਾਰਡਰ ਏਰੀਏ ਵਿੱਚ ਸੜਕੀ ਆਵਾਜਾਈ ਅਤੇ ਮੁੱਢਲੇ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ ਅਤੇ ਹਰੀਕੇ, ਤਰਨ ਤਾਰਨ ਰਾਸ਼ਟਰੀ ਮਾਰਗ 'ਤੇ ਪਿੰਡਾਂ ਖਾਰਾ ਤੋਂ ਰਈਆ ਤੱਕ ਜਾਂਦੀ ਸੜਕ ਨੂੰ 10 ਮੀਟਰ ਚੌੜਾ ਕੀਤਾ ਜਾ ਰਿਹਾ ਹੈ, ਜਿਸ ਤੇ 80 ਕਰੋੜ ਰੁਪਏ ਖਰਚ ਆਉਣਗੇ ਅਤੇ ਪੱਟੀ ਸਬ ਡਵੀਜ਼ਨ ਦੀਆਂ ਹੋਰਨਾਂ ਸੜਕਾਂ ਤੇ ਵੀ 45 ਕਰੋੜ ਰੁਪਏ ਖਰਚੇ ਜਾ ਰਹੇ ਹਨ। ਕੈਰੋਂ ਨੇ ਕਿਹਾ ਕਿ ਆਉਣ ਵਾਲਾ ਸਮੇਂ ਵਿੱਚ ਪੰਜਾਬ ਨੂੰ ਊਰਜਾ ਦੇ ਖੇਤਰ ਵਿੱਚ ਸਵੈ- ਨਿਰਭਰ ਬਣਉਣ ਲਈ ਜਿੱਥੇ ਸ਼੍ਰੋਮਣੀ ਅਕਾਲੀ ਦਲ ਤੇ ਬੀ.ਜੇ.ਪੀ. ਦੀ ਸਰਕਾਰ ਨੇ ਚਾਰ ਵੱਡੇ ਥਰਮਲ ਪਲਾਟ ਉਸਾਰਨ ਲਈ ਜੰਗੀ ਪੱਧਰ ਤੇ ਕੰਮ ਆਰੰਭੇ ਹਨ। ਉੱਥੇ ਖੇਤੀਬਾੜੀ ਦੀ ਰਹਿੰਦ-ਖੂਹਦ (ਬਾਇਓਮਾਲ) ਤੋਂ ਬਿਜਲੀ ਪੈਦਾ ਕਰਨ ਲਈ ਛੋਟੇ-ਛੋਟੇ ਪਲਾਂਟ ਲਗਾਉਣ ਦਾ ਕੰਮ ਸ਼ੁਰੂ ਕੀਤਾ ਹੈ ਅਤੇ ਇਨ੍ਹਾਂ ਪਲਾਟਾਂ ਵਿੱਚ ਪਰਾਲੀ, ਤੂੜੀ, ਕਪਾਹ ਦੀਆਂ ਛਿਟੀਆਂ, ਕਾਹੀ, ਸਿਰਕੰਡਾ 'ਚ ਕਮਾਈ ਆਦਿ ਬਾਲਣ ਵਜੋਂ ਵਰਤੀਆਂ ਜਾਣਗੀਆਂ। ਜਿਸ ਨਾਲ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋਵੇਗਾ ਅਤੇ ਇਨ੍ਹਾਂ ਨੂੰ ਖੁੱਲ੍ਹੇ ਰੂਪ ਵਿੱਚ ਸਾੜਨ ਨਾਲ ਵਾਤਾਵਰਣ ਪ੍ਰਦੂਸ਼ਣ ਤੇ ਵੀ ਕਾਬੂ ਪਾਇਆ ਜਾਵੇਗਾ। ਇਸ ਸੰਗਤ ਦਰਸ਼ਨ ਦੌਰਾਨ ਖੁਸ਼ੀ ਰਾਮ ਡਿਪਟੀ ਕਮਿਸ਼ਨਰ ਐੱਸ.ਐੱਸ.ਪੀ. ਸੁਖਦੇਵ ਸਿੰਘ ਬਰਾੜ, ਅਜੇਪਾਲ ਮੀਰਾਕੋਟ ਦੇ ਚੇਅਰਮੈਨ ਪਨਸਪ ਖੁਸ਼ਵਿੰਦਰ ਸਿੰਘ ਭਾਟੀਆ ਮੈਂਬਰ ਐੱਸ.ਜੀ.ਪੀ. ਡਾ. ਰਾਕੇਸ਼ ਸਿੰਗਲਾ ਜ਼ਿਲ੍ਹਾ ਖੁਰਾਕ ਸਪਲਾਈ ਕੰਟਰੋਲ ਮਨਜੀਤ ਸਿੰਘ ਜ਼ਿਲ੍ਹਾ ਭਲਾਈ ਅਫਸਰ ਅਗਰੇਜ਼ ਸਿੰਘ ਹੁੰਦਲ, ਜ਼ਿਲ੍ਹਾ ਟਰਾਂਸਪੋਰਟ ਅਫਸਰ ਅਤੇ ਪਿੰਡ ਕਲੇਰ ਦੇ ਸਰਪੰਚ ਧਰਮ ਸਿੰਘ ਹੋਰਾਂ ਨੂੰ ਵੀ ਮੰਤਰੀ ਨੇ 2 ਲੱਖ ਪਿੰਡ ਦੇ ਨਿਕਾਸੀ ਲਈ ਦਿੱਤੇ।

ਸਿਲਾਈ ਸੈਂਟਰ ਦਾ ਉਦਘਾਟਨ

ਤਖਤਗੜ੍ਹ, 16 ਜਨਵਰੀ (ਪ.ਪ.) ਬਲਾਕ ਤਖਤਗੜ੍ਹ 'ਚ ਪੈਂਦੇ ਪਿੰਡ ਸਰਥਲੀ ਵਿੱਚ ਜਗਤ ਮੋਰਚਾ ਫਾਊਡੇਸ਼ਨ ਐਨ. ਜੀ. ਓਜ ਸੰਸਥਾਂ ਨੇ ਪਿੰਡ ਦੀਆਂ ਔਰਤਾਂ ਨੂੰ ਰੋਜ਼ਗਾਰ ਦੇ ਮੌਕੇ ਉਪਲਬੱਧ ਕਰਵਾਉਣ ਲਈ ਸਿਲਾਈ ਸਿੱਖਿਆ ਕੇਂਦਰ ਦਾ ਉਦਘਾਟਨ ਕੀਤਾ। ਜਗਤ ਮੋਰਚਾ ਦੇ ਬਲਾਕ ਅਧਿਕਾਰੀ ਸੁਰਿੰਦਰ ਸਿੰਘ ਨੇ ਪਿੰਡ ਨਿਵਾਸੀਆਂ ਨੂੰ ਦੱਸਿਆ ਕਿ ਮੋਰਚੇ ਵੱਲੋਂ ਔਰਤਾਂ ਨੂੰ ਰੋਜ਼ਗਾਰ ਦੇ ਲਈ ਆਤਮ ਨਿਰਭਰ ਬਣਾਉਣ ਲਈ ਹਰ ਪਿੰਡ ਵਿੱਚ ਇਸ ਤਰ੍ਹਾਂ ਦੇ ਯਤਨ ਕੀਤੇ ਜਾ ਰਹੇ ਹਨ। ਇਸ ਸਿਲਾਈ ਵਿੱਚ ਮੈਡਮ ਅੰਜਨਾ ਮਹਿਲਾਵਾਂ ਨੂੰ ਸਿਲਾਈ ਸਬੰਧੀ ਸਿੱਖਿਆ ਦੇਵੇਗੀ।

ਮਹਿੰਗਾਈ ਤੇ ਬੇਰੁਜ਼ਗਾਰੀ 'ਚ ਵਾਧਾ ਚਿੰਤਾ ਦਾ ਵਿਸ਼ਾ

ਤਰਨ ਤਾਰਨ., 16 ਜਨਵਰੀ (ਦਾਰਾ ਸਿੰਘ ਪਰਵਾਨਾ)-ਸਾਡੇ ਦੇਸ਼ ਨੂੰ ਅਜ਼ਾਦ ਹੋਇਆ 61 ਸਾਲ ਹੋ ਗਏ ਹਨ, ਪਰ ਇੱਥੋਂ ਦੇ ਲੋਕਾਂ ਦੀ ਹਾਲਤ ਦਿਨੋਂ-ਦਿਨ ਵਿਗੜਦੀ ਜਾ ਰਹੀ ਹੈ। ਜਨਤਾ ਨੇ ਅਕਾਲੀ-ਭਾਜਪਾ ਅਤੇ ਕਾਂਗਰਸ ਨੂੰ ਵਾਰੋ ਵਾਰੀ ਪਰਖ ਲਿਆ ਹੈ, ਪਰ ਕੋਈ ਲਾਭ ਨਹੀਂ ਹੋਇਆ। ਜਦਕਿ ਹੁਣ ਸਮਾਂ ਆ ਗਿਆ ਹੈ ਕਿ ਪੰਜਾਬ ਦੇ ਤੀਜਾ ਮੋਰਚਾ ਹੀ ਪੰਜਾਬ ਦੇ ਭਲੇ ਦੀ ਗੱਲ ਕਰ ਸਕਦਾ ਹੈ। ਉਪਰੋਕਤ ਵਿਚਾਰ ਲੋਕ ਸਭਾ ਹਲਕਾ ਖਡੂਰ ਸਾਹਿਬ ਦੇ ਲੋਕ ਭਲਾਈ ਪਾਰਟੀ ਦੇ ਇੰਚਾਰਜ ਅਮਰੀਕ ਸਿੰਘ ਵਰਪਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰਾਂ ਸਮੇਂ ਲੋਕਾਂ ਨੇ ਦੁਖੀ ਹੋ ਕੇ ਹੀ ਸਮਾਂ ਕੱਢਿਆ ਹੈ। ਉਨ੍ਹਾਂ ਕਿਹਾ ਕਿ ਮਹਿੰਗਾਈ ਅਤੇ ਬੇਰੁਜ਼ਗਾਰੀ ਨੇ ਲੋਕਾਂ ਦਾ ਜਿਊਣਾ ਦੁੱਭਰ ਕੀਤਾ ਹੋਇਆ ਹੈ। ਇਸ ਮੌਕੇ ਬਾਬਾ ਰੇਸ਼ਮ ਸਿੰਘ, ਦਲਜੀਤ ਸਿੰਘ, ਗੁਰਕ੍ਰਿਪਾਲ ਸਿੰਘ ਪੰਡੋਰੀ ਤਖਤ ਮੱਲ, ਗਿਆਨੀ ਤਰਲੋਚਨ ਸਿੰਘ, ਅਮਰਜੀਤ ਸਿੰਘ, ਬਲਦੇਵ ਸਿੰਘ ਆਦਿ ਹਾਜ਼ਰ ਸਨ।

ਪੇਂਡੂ ਖੇਡ ਮੇਲਾ 20 ਤੋਂ

ਮਹਿਲ ਕਲਾਂ, 16 ਜਨਵਰੀ (ਪ.ਪ.) ਵੱਡੇ ਘੱਲੂ ਘਾਰੇ ਦੇ ਪੈਂਤੀ ਹਜਾਰ ਮਹਾਨ ਸ਼ਹੀਦਾਂ ਦੀ ਯਾਦ ਵਿੱਚ 31ਵਾਂ ਸਾਲਾਨਾ ਪੇਂਡੂ ਮੇਲਾ ਘੱਲੂਘਾਰਾ ਸਪੋਰਟਸ ਕਲੱਬ ਵੱਲੋਂ ਗ੍ਰਾਮ ਪੰਚਾਇਤ ਅਤੇ ਐਨ. ਆਰ. ਆਈਜ਼ ਦੇ ਭਰਵੇਂ ਸਹਿਯੋਗ ਨਾਲ 20 ਤੋਂ 23 ਜਨਵਰੀ ਤੱਕ ਸਰਕਾਰੀ ਹਾਈ ਸਕੂਲ ਗਹਿਲ ਦੇ ਖੇਡ ਮੈਦਾਨ ਵਿੱਚ ਪੂਰੇ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ। ਕਲੱਬ ਦੇ ਸਰਪ੍ਰਸਤ ਬਲਜਿੰਦਰ ਸਿੰਘ ਬੰਟੀ, ਪ੍ਰਧਾਨ ਖੁਸ਼ਵੰਤ ਸਿੰਘ ਸੰਧੂ, ਸਕੱਤਰ ਤਰਲੋਚਨ ਸਿੰਘ ਵਿੱਤ ਸਕੱਤਰ ਵਜੀਰ ਸਿੰਘ ਨੇ ਸਾਂਝੇ ਤੌਰ ਤੇ ਦੱਸਿਆ ਕਿ ਇਸ ਮੌਕੇ ਕਬੱਡੀ 28 ਕਿਲੋ, 52,57,70 ਕਿਲੋ ਕਬੱਡੀ ਓਪਨ, ਬਾਲੀਵਾਲ ਸਮੈਸਿੰਗ ਤੋਂ ਇਲਾਵਾ ਕੁੱਤਿਆਂ ਦੀਆਂ ਦੌੜਾਂ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ।